## ਵਿਉਪਾਰੀਆਂ ਲਈ ਜਰੂਰੀ ਹਦਾਇਤਾਂ

1. ਮੇਲੇ ਵਿਚ ਪਸ਼ੂ ਵੇਚਣ ਵਾਲਿਆਂ ਨੂੰ ਆਪਣਾ ਪਸ਼ੂ ਇਹੋ ਜਿਹੀ ਜਗ੍ਹਾ ਬੰਨਣਾ ਚਾਹੀਦਾ ਹੈ, ਜਿੱਥੇ ਉਸ ਕਿਸਮ ਦੇ ਪਸ਼ੂ ਪਹਿਲਾਂ ਹੀ ਬੰਨ੍ਹੇ ਹੋਏ ਹੋਣ। ਇਸ ਤਰ੍ਹਾਂ ਕਰਨ ਨਾਲ ਵਿਉਪਾਰੀਆਂ ਨੂੰ ਆਪਣੀ ਮਨ-ਪਸੰਦ ਦਾ ਮਾਲ (ਪਸ਼ੂ) ਇਕ ਹੀ ਜਗ੍ਹਾ ਤੋਂ ਮਿਲ ਸਕਦਾ ਹੈ ਅਤੇ ਉਸ ਨੂੰ ਜਗ੍ਹਾ-ਜਗ੍ਹਾ ਤੇ ਭਟਕਦਾ ਨਹੀਂ ਪੈਂਦਾ। ਮਾਲਕ ਨੂੰ ਕੀਮਤ ਮਿਲ ਜਾਂਦੀ ਹੈ ਅਤੇ ਪਸ਼ੂ ਵੀ ਛੇਤੀ ਵਿਕ ਜ਼ਾਂਦਾ ਹੈ।

2. ਮੇਲੇ ਵਿਚ ਲਿਆਉਣ ਤੋਂ ਪਹਿਲਾਂ ਪਸ਼ੂ ਚੰਗੀ ਤਰ੍ਹਾਂ ਨੁਹਾ ਧੁਆ ਕੇ ਸਿੰਗਾਂ ਨੂੰ ਤੇਲ ਲਾ ਕੇ ਅਤੇ ਦੁੰਮ (ਪੂਛ) ਨੂੰ ਠੀਕ ਕਰਕੇ ਲਿਆਉਣਾ ਚਾਹੀਦਾ ਹੈ, ਜਿਸ ਦਾ ਵਿਉਪਾਰੀ ਤੇ ਚੰਗਾ ਅਸਰ ਪਾਵੇ ਅਤੇ ਪਸ਼ੂ ਦੀ ਨਸਲ ਵੀ ਚੰਗੀ ਤਰ੍ਹਾਂ ਪਰਖੀ ਜਾ ਸਕੇ।

3. ਵੱਡੇ-ਵੱਡੇ ਪਸ਼ੂ-ਮੇਲਿਆਂ ਵਿਚ ਹੱਲ ਜ਼ੋੜਨ ਵਾਲੇ ਪਸ਼ੂਆਂ ਦੀ ਪਰਖ ਲਈ ਖਾਸ ਪ੍ਰਬੰਧ ਕੀਤਾ ਜਾਂਦਾ ਹੈ। ਇਸ ਲਈ ਖਰੀਦਦਾਰ ਨੂੰ ਚਾਹੀਦਾ ਹੈ ਕਿ ਅਜਿਹਾ ਪਸ਼ੂ ਖਰੀਦਣ ਤੋਂ ਪਹਿਲਾਂ ਪਸ਼ੂ ਨੂੰ ਹਲ ਤੇ ਚਲਾ ਕੇ ਪਰਖ ਲਵੇ।

4. ਪਸ਼ੂਆਂ ਦੀ ਖਰੀਦੋ-ਫਰੋਖਤ ਉਤੇ ਲੈਣ ਵਾਲੀ ਫੀਸ ਸਰਕਾਰ ਵਲੋਂ ਨਿਯਤ ਕੀਤੀ ਹੋਈ ਹੈ। ਜਿਹੜੀ ਖਰੀਦਣ ਵਾਲੇ ਤੋਂ ਪਸ਼ੂ ਕੀਮਤ ਤੇ 4 ਰੁਪਏ ਪ੍ਰਤੀ ਸੈਂਕੜਾ ਅਤੇ ਵੇਚਣ ਵਾਲੇ ਤੋਂ 10 ਰੁਪਿਆ ਪ੍ਰਤੀ ਪਸ਼ੂ ਲਈ ਜਾਂਦੀ ਹੈ। ਪਸ਼ੂ-ਮੇਲਿਆਂ ਵਿਚ ਪਸ਼ੂਆਂ ਦੇ ਦਾਖਲੇ ਸਮੇਂ ਪਸ਼ੂ ਦੀ ਕਿਸਮ ਅਨੁਸਾਰ ਦਾਖਲਾ ਫੀਸ ਲਈ ਜਾਂਦੀ ਹੈ।

5. ਸਰਕਾਰ ਵਲੋਂ ਪਸ਼ੂ-ਮੇਲਿਆਂ ਵਿਚ ਦਲਾਲਾਂ ਨੂੰ ਦਲਾਲੀ ਲਾਇਸੈਸ ਦਿੱਤੇ ਜਾਂਦੇ ਹਨ। ਦਲਾਲੀ ਲਾਇਸੈਂਸ ਦੀ ਫੀਸ 50 ਰੁਪਏ ਹੈ। ਜਿਸ ਨਾਲ ਸਰਕਾਰ ਵਲੋਂ ਜਾਰੀ ਕੀਤਾ ਲਾਇਸੈਂਸ ਹੋਵੇ, ਸਿਰਫ ਉਸ ਨੂੰ ਹੀ ਆਪਣੇ ਸੋਦੇ ਵਿਚ ਸ਼ਾਮਿਲ ਕਰੋ। ਸੋਦਾ ਤਹਿ ਕਰਨ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਦਲਾਲ ਕਮਿਸ਼ਨ/ਦਲਾਲੀ ਖਰੀਦਣ ਵਾਲਾ/ਵੇਚਣ ਵਾਲਾ ਦੇਵੇਗਾ। ਇਹ ਕਮਿਸ਼ਨ 1 ਰੁਪਿਆਂ ਸੈਂਕੜਾ ਪਸ਼ੂ ਦੀ ਕੀਮਤ ਤੇ ਹੁੰਦਾ ਹੈ। ਦਲਾਲੀ ਦੀ ਰਕਮ (ਕਮਿਸ਼ਨ) ਖਰੀਦਣ ਵਾਲਾ ਜਾਂ ਖਰੀਦਣ ਤੇ ਵੇਚਣ ਵਾਲਾ ਦੋਨੋ ਮਿਲ ਕੇ ਦੇ ਦੇਣ।

6. ਪਸ਼ੂ-ਮੇਲਿਆਂ ਵਿਚ ਖਰੀਦਣ ਅਤੇ ਵੇਚਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਪਸ਼ੂ ਖਰੀਦਣ ਤੇ ਵੇਚਣ ਤੋਂ ਬਾਅਦ ਪਸ਼ੂ ਦੀ ਸਹੀ ਕੀਮਤ ਦੱਸਕੇ ਸਰਕਾਰੀ ਪਰਚੀ ਬਣਵਾ ਲੈਣ। ਅਜਿਹਾ ਨਾ ਕਰਨ ਤੇ ਇਹ ਜੁਰਮ ਜਰੂਰ ਹੋਵੇਗਾ। ਜਿਸ ਲਈ 5000/- ਰੁਪਏ ਜੁਰਮਾਨਾ ਜਾਂ ਦੋ ਮਹੀਨੇ ਦੀ ਕੈਦ ਜਾਂ ਦੋਵੇਂ ਸਜ਼ਾਵਾਂ ਹੋ ਸਕੀਦਆਂ ਹਨ।

7. ਪਸ਼ੂ ਮੇਲਿਆਂ ਵਿਚ ਖਰੀਦਣ ਅਤੇ ਵੇਚਣ ਦੀ ਸਹੂਲਤ ਅਤੇ ਜਾਣਕਾਰੀ ਲਈ ਮੁਨਸ਼ੀਆਂ (ਪਰਚੀ ਲਿਖਾਰੀ) ਦੇ ਕੰਮ ਕਰਨ ਵਾਲੀ ਜਗ੍ਹਾ ਦੇ ਕੋਲ ਬੋਰਡ ਲਾਏ ਹੁੰਦੇ ਹਨ ਜਿਨ੍ਹਾਂ ਤੇ ਫੀਸਾਂ ਦਾ ਵੇਰਵਾ ਲਿਖਿਆ ਹੁੰਦਾ ਹੈ। ਜੇਕਰ ਪਸ਼ੂ ਮੇਲਿਆਂ ਵਿਚ ਕਿਸੇ ਕਿਸਮ ਦੀ ਕੋਈ ਤਕਲੀਫ ਜਾਂ ਸ਼ਿਕਾਇਤ ਹੋਵੇ ਤਾਂ ਤੁਰੰਤ ਮੇਲਾ ਅਫਸਰ ਜੋ ਹਰ ਸਮੇਂ ਮੇਲੇ ਵਿਚ ਹਾਜ਼ਰ ਹੁੰਦਾ ਹੈ, ਨੂੰ ਦੱਸੋ ਤਾਂ ਜੋ ਹਰ ਸੰਭਵ ਮੱਦਦ ਕਰ ਸਕੇ।

# ਨੋਟ

1. ਹਰ ਇਕ ਪਸ਼ੂ ਖਰੀਦਣ ਵਾਲੇ ਤੋਂ ਪਸ਼ੂ ਦੇ ਖਰੀਦ ਮੁੱਲ ਦਾ 4 ਰੁਪਏ ਪ੍ਰੀਤ ਸੈਕੜਾ ਫੀਸ ਲਈ ਜਾਂਦੀ ਹੈ, ਵਿਉਪਾਰੀਆਂ ਨੂੰ ਸਰਕਾਰ ਵਲੋਂ ਨਿਯਤ ਕੀਤੀ ਦਰ ਤੋਂ ਜਿਆਦਾ ਫੀਸ ਕਿਸੇ ਪਰਚੀ ਰਾਈਟਰ (ਮੁਨਸ਼ੀ) ਜਾਂ ਕਿ ਹੋਰ ਵਿਆਕਤੀ ਨੂੰ ਨਹੀਂ ਦੇਣੀ ਚਾਹੀਦੀ। ਜੇਕਰ ਕੋਈ ਵੀ ਵੱਧ ਫੀਸ ਆਦਿ ਮੰਗੇ ਤਾਂ ਤੁਰੰਤ ਮੋਕੇ ਤੇ ਮੇਲਾ ਅਫਸਰ/ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਜਾਂ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ, ਪੰਜਾਬ, ਚੰਡੀਗੜ੍ਹ ਦੇ ਨੋਟਿਸ ਵਿਚ ਲਿਆਂਦਾ ਜਾਵੇ।
2. ਹਰ ਇਕ ਪਸ਼ੂ ਵੇਚਣ ਵਾਲੇ ਤੋਂ 10 ਰੁਪਏ ਪ੍ਰਤੀ ਪਸ਼ੂ ਦੀ ਦਰ ਨਾਲ ਰਜਿਸਟਰੇਸ਼ਨ ਫੀਸ ਲਈ ਜਾਂਦੀ ਹੈ।
3. ਜੇਕਰ ਕੋਈ ਪਸ਼ੂ ਖਰੀਦਣ ਵਾਲਾ ਪਸ਼ੂ ਨੂੰ ਬਿਨਾ ਲਿਖਵਾਏ ਲਿਜਾਂਦਾ ਪਕੜਿਆਂ ਗਿਆ ਜਾਂ ਪਸ਼ੂ ਦੀ ਘੱਟ ਕੀਮਤ ਲਿਖਵਾਉਂਦਾ ਪਕੜਿਆ ਗਿਆ ਤਾਂ ਉਸ ਨੂੰ 5000/- ਰੁਪਏ ਜੁਰਮਾਨਾ ਜਾਂ ਦੋ ਮਹੀਨੇ ਦੀ ਕੈਦ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਇਹ ਜੁਰਮਾਨਾ/ਸਜ਼ਾ ਵੇਚਣ ਵਾਲੇ ਨੂੰ ਵੀ ਹੋ ਸਕਦੀ ਹੈ।
4. ਕਈ ਵਾਰ ਕੁਝ ਦਲਾਲ ਵੀ ਹੇਰਾ ਫੇਰੀ ਕਰ ਜਾਂਦੇ ਹਨ, ਕਿਉਕਿ ਉਹ ਸੋਦਾ ਤਹਿ ਕਰਦੇ ਸਮੇਂ ਗਾਹਕ ਤੋਂ ਰਕਮ ਵੇਚਣ ਵਾਲੇ ਨੂੰ ਦੇਣ ਲਈ ਲੈਂਦੇ ਹਨ, ਪਰੰਤੂ ਸੋਦਾ ਤਹਿ ਨਾ ਹੋਦ ਤੇ ਵਾਪਸ ਕਰਨ ਸਮੇਂ ਹੇਰਾ ਫੇਰੀ ਕਰ ਜਾਂਦੇ ਹਨ।
5. ਦਲਾਲ ਵਲੋਂ ਲਾਇਸੈਸ ਨਾ ਲੈਣ ਜਾਂ 1 ਪ੍ਰੀਤਸਤ ਤੋਂ ਜਿਆਦਾ ਕਮਿਸ਼ਨ ਲੈਣ ਤੇ ਜਾਂ ਗਲਤ ਕੰਮ ਕਰਨ ਵਾਲਿਆਂ ਦਾ ਲਇਸੈਸ ਰੱਦ ਕੀਤਾ ਜਾ ਸਕਦਾ ਹੈ ਤੇ ਇਕ ਮਹੀਨੇ ਦੀ ਕੈਦ ਜਾਂ 500 ਰੁਪਏ ਤੱਕ ਜੁਰਮਾਨਾਂ ਜਾਂ ਦੋਵੇਂ ਦੰਡ ਇੱਕਠੇ ਦਿੱਤੇ ਜਾ ਸਕਦੇ ਹਨ।

## ਵਿਉਪਾਰੀਆਂ ਲਈ ਜਰੂਰੀ ਸੂਚਨਾ

1. ਆਪਣੀ ਰਕਮ ਕਿਸੇ ਨੂੰ ਨਾ ਦਿਖਾਓ।

2. ਕਿਸੇ ਅਜਿਹੇ ਵਿਅਕਤੀ ਆਪਣੇ ਸੋਦੇ ਵਿਚ ਸਾਮਲ ਨਾ ਕਰੋ ਜਿਸ ਕੋਲ ਸਰਕਾਰ ਵਲੋਂ ਜਾਰੀ ਕੀਤਾ ਹੋਇਆ ਦਲਾਲੀ ਲਾਇਸੈਸ਼ ਨਾ ਹੋਵੇ।

3. ਕਿਸੇ ਵੀ ਅਜਿਹੇ ਪਸ਼ੂ ਦਾ ਸੋਦਾ ਨਾ ਕਰੋ, ਜਿਸ ਨੂੰ ਚੰਗੀ ਤਰ੍ਹਾਂ ਵੇਖ ਨਾ ਲਿਆ ਹੋਵੇ ਅਤੇ ਨਾ ਹੀ ਕਿਸੇ ਦੂਸਰੇ ਲਈ ਪਸ਼ੂ ਦਾ ਸੋਦਾ ਕਰੋ, ਅਜਿਹਾ ਕਰਨ ਨਾਲ ਧੋਖਾ ਹੋ ਸਕਦਾ ਹੈ।

   1. ਕਿਲਿਆਂਵਾਲੀ ਵਿਖੇ ਹਰ ਐਤਵਾਰ ਨੂੰ ਪਸ਼ੂ ਮੇਲਾ ਲੱਗਦਾ ਹੈ।
   2. ਮੋੜ ਵਿਖੇ ਹਰ ਬੁੱਧਵਾਰ ਨੂੰ ਪਸ਼ੂ-ਮੇਲਾ ਲੱਗਦਾ ਹੈ।
   3. ਰਾਜਪੁਰਾ,ਮਾਨਸਾ,ਬੋਹਾ ਅਤੇ ਖਰੜ ਵਿਖੇ ਹਰ ਰੋਜ਼ ਪਸ਼ੂ ਮੇਲਾ ਲੱਗਦਾ ਹੈ।